Australian Government

Workforce Australia
Employment

Punjabi | ਪੰਜਾਬੀ

# ਵੇਤਨ ਸਬਸਿਡੀਆਂ

ਵੇਤਨ ਸਬਸਿਡੀ ਇੱਕ $10,000 ਤੱਕ ਦਾ ਆਰਥਿਕ ਪ੍ਰੋਤਸਾਹਨ ਹੈ ਜੋ ਕਾਰੋਬਾਰਾਂ ਨੂੰ ਯੋਗ ਨਵੇਂ ਕਰਮਚਾਰੀਆਂ ਨੂੰ ਲਗਾਤਾਰ ਚੱਲਣ ਵਾਲੀ ਨੌਕਰੀ ਵਿੱਚ ਰੱਖਣ ਦੇ ਖ਼ਰਚਿਆਂ ਵਿੱਚ ਮੱਦਦ ਕਰਨ ਲਈ ਮਿਲਦੀ ਹੈ।

ਆਪਣੀਆਂ ਭਰਤੀ ਦੀਆਂ ਲੋੜਾਂ ਬਾਰੇ ਕਿਸੇ ਰੋਜ਼ਗਾਰ ਸੇਵਾ ਪ੍ਰਦਾਤਾ (Employment Services Provider)* ਨਾਲ ਗੱਲ ਕਰੋ। ਉਹ ਤੁਹਾਨੂੰ ਇੱਕ ਅਜਿਹੇ ਵਿਅਕਤੀ ਨੂੰ ਲੱਭਣ ਵਿੱਚ ਮੱਦਦ ਕਰਨਗੇ ਜੋ ਤੁਹਾਡੇ ਕਾਰੋਬਾਰ ਲਈ ਢੁੱਕਵਾਂ ਹੈ, ਤੁਹਾਡੀ ਯੋਗਤਾ ਦਾ ਮੁਲਾਂਕਣ ਕਰਨਗੇ ਅਤੇ ਸਮਝਾਉਣਗੇ ਕਿ ਵੇਤਨ ਸਬਸਿਡੀ ਇਕਰਾਰਨਾਮਾ ਕਿਵੇਂ ਕੰਮ ਕਰਦਾ ਹੈ।

## ਕੀ ਮੇਰਾ ਕਾਰੋਬਾਰ ਇਸ ਦੇ ਯੋਗ ਹੈ?

ਪ੍ਰਦਾਤਾ ਤੁਹਾਡੀ ਯੋਗਤਾ ਦਾ ਮੁਲਾਂਕਣ ਕਰੇਗਾ ਅਤੇ ਇਹ ਨਿਰਧਾਰਤ ਕਰੇਗਾ ਕਿ ਕੀ ਵੇਤਨ ਸਬਸਿਡੀ ਤੁਹਾਡੇ ਲਈ ਸਹਾਇਤਾ ਦਾ ਸਭ ਤੋਂ ਵਧੀਆ ਤਰੀਕਾ ਹੈ। ਘੱਟੋ-ਘੱਟ, ਤੁਹਾਡੇ ਕਾਰੋਬਾਰ ਨੂੰ ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ:

- ਇੱਕ ਕਾਨੂੰਨੀ ਇਕਾਈ ਜਿਸਦਾ ABN ਹੋਵੇ
- ਘੱਟੋ-ਘੱਟ 15 ਘੰਟੇ ਪ੍ਰਤੀ ਹਫ਼ਤਾ ਕੰਮ ਦੀ ਪੇਸ਼ਕਸ਼ ਕਰਨ ਵਾਲੀ ਲਗਾਤਾਰ ਚੱਲਣ ਵਾਲੀ ਖ਼ਾਲੀ ਅਸਾਮੀ ਹੋਵੇ
- ਕਾਰੋਬਾਰ ਲਈ ਸਰਗਰਮ Workforce Australia Online ਖਾਤਾ ਹੋਵੇ, ਜਿਸ ਦੀ ਪ੍ਰਮਾਣਿਕਤਾ myGovID ਅਤੇ Relationship Authorisation Manager ਦੇ ਨਾਲ ਕੀਤੀ ਗਈ ਹੋਵੇ
- ਯੋਗ ਕਰਮਚਾਰੀ ਦੇ ਕੰਮ ਸ਼ੁਰੂ ਕਰਨ ਤੋਂ 28 ਦਿਨਾਂ ਦੇ ਅੰਦਰ-ਅੰਦਰ ਆਪਣੇ ਵੇਤਨ ਸਬਸਿਡੀ ਇਕਰਾਰਨਾਮੇ ਨੂੰ ਮੰਨਜ਼ੂਰ ਕਰੋ।

## ਕਿਹੜੇ ਕਰਮਚਾਰੀ ਇਸ ਦੇ ਯੋਗ ਹਨ?

ਪ੍ਰਦਾਤਾ ਇੱਕ ਅਜਿਹੇ ਵਿਅਕਤੀ ਨੂੰ ਲੱਭਣ ਵਿੱਚ ਤੁਹਾਡੀ ਮੱਦਦ ਕਰੇਗਾ ਜੋ ਤੁਹਾਡੇ ਕਾਰੋਬਾਰ ਲਈ ਢੁੱਕਵਾਂ ਹੈ ਅਤੇ ਉਹਨਾਂ ਦੀ ਯੋਗਤਾ ਦਾ ਮੁਲਾਂਕਣ ਕਰੇਗਾ। ਵੇਤਨ ਸਬਸਿਡੀਆਂ ਇਨ੍ਹਾਂ ਲੋਕਾਂ ਲਈ ਉਪਲਬਧ ਨਹੀਂ ਹਨ:

- ਨਜ਼ਦੀਕੀ ਪਰਿਵਾਰਕ ਮੈਂਬਰ ਲਈ
- ਕਿਸੇ ਅਜਿਹਾ ਵਿਅਕਤੀ ਲਈ ਜਿਸਨੂੰ ਤੁਸੀਂ ਪਿਛਲੇ ਦੋ ਸਾਲਾਂ ਵਿੱਚ ਨੌਕਰੀ ਦਿੱਤੀ ਹੈ (ਤੁਹਾਡੇ ਹੋਰ ਕਾਰੋਬਾਰਾਂ ਸਮੇਤ)
- ਕਿਸੇ ਅਜਿਹੇ ਵਿਅਕਤੀ ਲਈ ਜਿਸ ਲਈ ਤੁਸੀਂ ਕੋਈ ਹੋਰ ਸਰਕਾਰੀ ਮਾਲੀ ਸਹਾਇਤਾ ਪ੍ਰਾਪਤ ਕੀਤੀ ਹੈ ਜਾਂ ਪ੍ਰਾਪਤ ਕਰਨ ਵਾਲੇ ਹੋ।

## ਮੈਂ ਵੇਤਨ ਸਬਸਿਡੀ ਤੱਕ ਕਿਵੇਂ ਪਹੁੰਚ ਕਰ ਸਕਦਾ/ਦੀ ਹਾਂ?

ਤੁਹਾਡਾ ਪਹਿਲਾ ਕਦਮ ਇੱਕ ਪ੍ਰਦਾਤਾ ਨਾਲ ਗੱਲਬਾਤ ਕਰਨਾ ਹੈ। ਤੁਹਾਨੂੰ Workforce Australia Online for Business ਖਾਤੇ ਦੀ ਵੀ ਲੋੜ ਹੋਵੇਗੀ, ਜਿਸਦੀ ਪ੍ਰਮਾਣਿਕਤਾ myGovID ਨਾਲ ਕੀਤੀ ਗਈ ਹੋਵੇ। ਜੇਕਰ ਤੁਹਾਡੇ ਕੋਲ ਖਾਤਾ ਨਹੀਂ ਹੈ, ਤਾਂ ਪ੍ਰਦਾਤਾ ਇਸ ਨੂੰ ਸੈੱਟਅੱਪ ਕਰਨ ਵਿੱਚ ਤੁਹਾਡੀ ਮੱਦਦ ਕਰ ਸਕਦਾ ਹੈ। ਤੁਹਾਨੂੰ ਆਪਣੇ ਵੇਤਨ ਸਬਸਿਡੀ ਇਕਰਾਰਨਾਮੇ ਨੂੰ ਮੰਨਜ਼ੂਰੀ ਦੇਣ ਅਤੇ ਪ੍ਰਬੰਧਿਤ ਕਰਨ ਲਈ ਆਪਣੇ ਖਾਤੇ ਦੀ ਲੋੜ ਹੋਵੇਗੀ।

ਇਹ ਪ੍ਰਦਾਤਾ ਤੁਹਾਡੇ ਨਾਲ ਵੇਤਨ ਸਬਸਿਡੀ ਇਕਰਾਰਨਾਮੇ ਦੀਆਂ ਸ਼ਰਤਾਂ ਬਾਰੇ ਗੱਲਬਾਤ ਕਰ ਸਕਦਾ ਹੈ। ਇਸ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਉਪਲਬਧ ਵੱਧ ਤੋਂ ਵੱਧ ਰਕਮ ($10,000 ਤੱਕ)
- ਹਰ ਹਫ਼ਤੇ ਲੋੜੀਂਦੇ ਕੰਮ ਦੇ ਘੱਟੋ-ਘੱਟ ਘੰਟੇ (15 ਅਤੇ 40 ਦੇ ਦਰਮਿਆਨ)
- ਇਕਰਾਰਨਾਮੇ ਦੀ ਮਿਆਦ (26 ਹਫ਼ਤਿਆਂ ਤੱਕ)।

ਜੇਕਰ ਤੁਹਾਨੂੰ ਵੇਤਨ ਸਬਸਿਡੀ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਤਾਂ ਤੁਹਾਨੂੰ ਕਰਮਚਾਰੀ ਦੇ ਕੰਮ ਸ਼ੁਰੂ ਕਰਨ ਦੇ 28 ਦਿਨਾਂ ਦੇ ਅੰਦਰ-ਅੰਦਰ ਆਪਣੇ ਪ੍ਰਦਾਤਾ ਵੱਲੋਂ ਭੇਜੇ ਗਏ ਈ-ਮੇਲ ਲਿੰਕ ਰਾਹੀਂ ਇਕਰਾਰਨਾਮੇ ਨੂੰ ਮੰਨਜ਼ੂਰੀ ਦੇਣੀ ਚਾਹੀਦੀ ਹੈ।

ਭੁਗਤਾਨ ਪ੍ਰਾਪਤ ਕਰਨ ਦੇ ਯੋਗ ਬਣਨ ਲਈ ਤੁਹਾਨੂੰ ਇਕਰਾਰਨਾਮੇ ਦੀਆਂ ਸਾਰੀਆਂ ਸ਼ਰਤਾਂ ਅਤੇ ਨਿਯਮਾਂ ਨੂੰ ਪੂਰਾ ਕਰਨਾ ਪਵੇਗਾ। ਆਪਣੇ ਇਕਰਾਰਨਾਮੇ ਨੂੰ ਧਿਆਨ ਨਾਲ ਪੜ੍ਹੋ ਅਤੇ ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਆਪਣੇ ਪ੍ਰਦਾਤਾ ਨਾਲ ਗੱਲ ਕਰੋ।

# ਹੋਰ ਜਾਣਕਾਰੀ ਚਾਹੁੰਦੇ ਹੋ?

- https://www.workforceaustralia.gov.au/businesses/help/hire/providers/ 'ਤੇ ਸਥਾਨਕ ਪ੍ਰਦਾਤਾ ਦੀ ਖੋਜ ਕਰੋ।
- ਰਾਸ਼ਟਰੀ ਗਾਹਕ ਸੇਵਾ ਹੈਲਪਲਾਈਨ (National Customer Service Line) ਨਾਲ 13 62 68 'ਤੇ ਸੰਪਰਕ ਕਰੋ।
- https://www.workforceaustralia.gov.au/businesses/help/financial-support/wage-subsidies 'ਤੇ ਜਾਓ।

*ਅਪੰਗਤਾ ਰੁਜ਼ਗਾਰ ਸੇਵਾਵਾਂ (Disability Employment Services) ਦੇ ਪ੍ਰਦਾਤਾ ਵੇਤਨ ਸਬਸਿਡੀ ਸਹਾਇਤਾ ਦੀ ਪੇਸ਼ਕਸ਼ ਵੀ ਕਰਦੇ ਹਨ,https://www.jobaccess.gov.au/service-providers/subsidised-wages-people-with-disability 'ਤੇ ਜਾਓ।